# ਸੰਵਾਦ

ISSN : 2395-1273

www.sanvad.org

21 ਵਾਂ ਅੰਕ
ਜਨਵਰੀ-ਜੂਨ 2025



Refugee Women (S.L. Prashar) Partition Museum

ESTD. 1892

ਪੰਜਾਬੀ ਅਧਿਐਨ ਵਿਭਾਗ

ਖ਼ਾਲਸਾ ਕਾਲਜ ਅੰਮ੍ਰਿਤਸਰ

ISSN : 2395-1273

# ਸੰਵਾਦ

ਪੰਜਾਬੀ ਰੈਫ਼ਰੀਡ ਰਿਸਰਚ ਜਰਨਲ

*A Peer Reviewed Punjabi Research Journal*

ਯੂ.ਜੀ.ਸੀ. ਦੀ 'ਅਕਾਦਮਿਕ ਅਤੇ ਖੋਜ ਨੈਤਿਕਤਾ ਸੰਸਥਾ' ਵੱਲੋਂ ਪ੍ਰਵਾਨਿਤ

**ਛਿਮਾਹੀ ਖੋਜ ਰਸਾਲਾ**

ਜਨਵਰੀ-ਜੂਨ 2025

ਅੰਕ-21ਵਾਂ

**ਸਰਪ੍ਰਸਤ**

ਡਾ. ਅਰਵਿੰਦਰ ਕੌਰ ਕਾਹਲੋਂ

ਪ੍ਰਿੰਸੀਪਲ (ਕਾਰਜਕਾਰੀ)

ਖ਼ਾਲਸਾ ਕਾਲਜ ਅੰਮ੍ਰਿਤਸਰ

**ਮੁੱਖ ਸੰਪਾਦਕ**

ਡਾ. ਆਤਮ ਸਿੰਘ ਰੰਧਾਵਾ



ESTD. 1892

ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ

**ਖ਼ਾਲਸਾ ਕਾਲਜ ਅੰਮ੍ਰਿਤਸਰ-143002**

# Sanvad

**(Dialogic)**

**PUNJABI REFEREED RESEARCH JOURNAL**

Bi- Annual

A Peer Reviewed Punjabi Research Journal of the Post-Graduate Department of Punjabi Studies, Khalsa College, Amritsar.

**(UGC-CARE APPROVED JOURNAL)**

Email : sanvadpunjabi@gmail.com, www.sanvad.org

| Patron : | Chief Editor: |
|---|---|
| *Dr. A. K. Kahlon* | *Dr. Atam Singh Randhawa* |
| +91 98724-56833 | +91 98722-17273 |
| ISSN : 2395-1273 | January-June 2025 |


**ਸਲਾਹਕਾਰ ਬੋਰਡ**

**ਡਾ. ਮਹਿਲ ਸਿੰਘ**

ਵਾਈਸ ਚਾਂਸਲਰ, ਖ਼ਾਲਸਾ ਯੂਨੀਵਰਸਿਟੀ, ਅੰਮ੍ਰਿਤਸਰ

**ਪ੍ਰੋ. (ਡਾ.) ਰਮਿੰਦਰ ਕੌਰ, ਸਾਬਕਾ ਮੁਖੀ**

ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

**ਪ੍ਰੋ. (ਡਾ.) ਸੁਰਜੀਤ ਸਿੰਘ**

ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਪ੍ਰੋ. (ਡਾ.) ਯੋਗਰਾਜ ਅੰਗਰਿਸ਼, ਮੁਖੀ**

ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

**ਪ੍ਰੋ. (ਡਾ.) ਰਵੀ ਰਵਿੰਦਰ**

ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਕੁਲਵੀਰ ਗੋਜਰਾ, ਮੁਖੀ**

ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਗੁਰਮੁਖ ਸਿੰਘ, ਮੁਖੀ**

ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਡਾ. ਕੁਲਵੰਤ ਸਿੰਘ, ਸਾਬਕਾ ਪ੍ਰੋਫ਼ੈਸਰ**

ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ

ਅਕਾਦਮਿਕ ਸਹਿਯੋਗ : ਸਮੂਹ ਸਟਾਫ਼ ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ

**ਨੋਟ: ਲੇਖਕ ਆਪਣੇ ਵਿਚਾਰਾਂ ਲਈ ਖ਼ੁਦ ਜ਼ਿੰਮੇਵਾਰ ਹੈ।**

| ਚੰਦਾ ਭੇਜਣ ਤੇ ਮਿਲਣ ਦਾ ਪਤਾ | ਚੰਦਾ | |
|---|---|---|
| ਪ੍ਰਿੰਸੀਪਲ | ਜੀਵਨ ਮੈਂਬਰ | : ₹ 3000 |
| ਖ਼ਾਲਸਾ ਕਾਲਜ, ਅੰਮ੍ਰਿਤਸਰ | ਪੰਜ ਸਾਲਾ | : ₹ 1800 |
| khalsacollegeamritsar@yahoo.com | ਇਹ ਅੰਕ | : ₹ 200 |
| www.khalsacollege.edu.in | | |

Online Payment: **A/c : 3397000100467796 IFSC : PUNB0339700**

Punjab National Bank Kot Khalsa, Amritsar

**© Principal, Khalsa College Amritsar**

**'ਸੰਵਾਦ'** ਪੰਜਾਬੀ ਰਿਸਰਚ ਜਰਨਲ, ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ ਵੱਲੋਂ ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ ਤੋਂ ਛਪਵਾ ਕੇ ਪ੍ਰਕਾਸ਼ਿਤ ਕੀਤਾ ।

# ਸੰਵਾਦ

**ਪੰਜਾਬੀ ਰੈਫ਼ਰੀਡ ਖੋਜ ਰਸਾਲਾ**

**ਛਿਮਾਹੀ**

**ਸਾਲ - 11ਵਾਂ, ਅੰਕ - 21ਵਾਂ ||| ਜਨਵਰੀ-ਜੂਨ 2025**


## ਤਤਕਰਾ


❐ **ਸੰਪਾਦਕੀ** 5

❐ **ਕੁਆਂਟਮ ਕਾਵਿ-ਸ਼ਾਸਤਰ** 9
ਅਮਰਜੀਤ ਸਿੰਘ ਗਰੇਵਾਲ

❐ **ਤੂਤਾਂ ਵਾਲਾ ਖੂਹ : ਸਮਾਜ-ਇਤਿਹਾਸ ਦਾ ਗਲਪੀ ਦਸਤਾਵੇਜ਼** 16
ਡਾ. ਮਹਿਲ ਸਿੰਘ

❐ **ਦੇਸ਼ ਵੰਡ ਦਾ ਪੰਜਾਬ ਦੇ ਅਰਥਚਾਰੇ ਉਪਰ ਪ੍ਰਭਾਵ : ਇਕ ਸੰਖੇਪ ਵਿਸ਼ਲੇਸ਼ਣ** 22
ਡਾ. ਰਣਜੀਤ ਸਿੰਘ ਘੁੰਮਣ

❐ **ਪੰਜਾਬ ਵੰਡ (1947) : ਭੂਗੋਲ, ਆਰਥਿਕਤਾ ਅਤੇ ਕਿਸਾਨੀ ਉੱਪਰ ਪ੍ਰਭਾਵ** 28
ਡਾ. ਸੁਖਦੇਵ ਸਿੰਘ ਸੋਹਲ

❐ **ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ : ਪੰਜਾਬੀ ਲੋਕਧਾਰਾ ਦਾ ਭਰ ਵਹਿੰਦਾ ਦਰਿਆ** 36
ਡਾ. ਜਸਵਿੰਦਰ ਸਿੰਘ

❐ **ਸਰੋਦ ਸੁਦੀਪ : ਸਗਲ ਸਰੂਪ ਦਾ ਸੰਕੇਤੀ ਸੰਚਾਰ** 44
ਡਾ. ਸਰਬਜੀਤ ਸਿੰਘ

❐ **ਪੰਜਾਬ ਦੀ ਵੰਡ : ਇਕ ਤ੍ਰਾਸਦੀ ਦੇ ਛੇ ਅਧਿਆਇ** 55
ਡਾ. ਅਮਨਪ੍ਰੀਤ ਸਿੰਘ ਗਿੱਲ

❐ **ਉਤਰ-ਆਧੁਨਿਕ ਦੌਰ ਦਾ ਨਾਰੀਵਾਦ ਅਤੇ ਸਮਕਾਲੀ ਪੰਜਾਬੀ ਕਹਾਣੀ** 63
ਡਾ. ਪਰਮਜੀਤ ਕੌਰ ਸਿੱਧੂ

❐ **ਬਾਰਹਮਾਹ ਤੁਖਾਰੀ : ਵਿਯੋਗ-ਗ੍ਰਸਤ ਇਸਤਰੀ ਦੀ ਵੇਦਨਾ ਦਾ ਕਾਵਿ-ਕਥਨ** 69
ਡਾ. ਪਰਮਿੰਦਰ ਸਿੰਘ

❐ **ਧੁਨੀ ਸਿਧਾਂਤ ਦੇ ਪ੍ਰਸੰਗ ਵਿਚ 'ਹੀਰ ਵਾਰਿਸ' ਦਾ ਵਿਸ਼ਲੇਸ਼ਣ** 75
ਡਾ. ਰਜਨੀ ਬਾਲਾ

❐ **ਪਾਂਧੀ ਨਨਕਾਣਵੀਂ ਦੇ ਨਾਟਕ : 'ਰਾਤ ਵੇਲੇ ਸਰਘੀ ਵੇਲੇ' ਦੀਆਂ ਸੰਵਾਦੀ ਜੁਗਤਾਂ** 84
ਨਿੰਦਰਪਾਲ ਸਿੰਘ ਅਤੇ ਡਾ. ਨਛੱਤਰ ਸਿੰਘ

❒ **ਸਾਹਿਤਕ ਬਿਰਤਾਂਤ, ਡਿਜੀਟਲ ਸੰਚਾਰ ਅਤੇ ਸੱਤਾ** 91
ਡਾ. ਸਰਬਜੀਤ ਸਿੰਘ

❒ **ਡਾ. ਜੋਗਿੰਦਰ ਸਿੰਘ ਰਾਹੀ ਦਾ ਨਾਵਲ ਚਿੰਤਨ ਅਤੇ ਸਮਕਾਲੀ ਪੰਜਾਬੀ ਨਾਵਲ ਆਲੋਚਨਾ** 97
ਡਾ. ਪ੍ਰਕਾਸ਼ ਸਿੰਘ

❒ **ਗਾਈਤਰੀ ਚੱਕਰਵਰਤੀ ਸਪੀਵਾਕ ਦਾ ਸਬਾਲਟਰਨ ਪਰਿਪੇਖ** 112
ਡਾ. ਸਤਵੀਰ ਸਿੰਘ

❒ **ਅੱਲਾਮਾ ਇਕਬਾਲ ਦੀ ਪੰਜਾਬੀਅਤ : ਆਲੋਚਨਾਤਮਕ ਦ੍ਰਿਸ਼ਟੀਕੋਣ** 124
ਡਾ. ਗੁਰਪ੍ਰੀਤ ਸਿੰਘ ਸੋਢੀ

❒ **ਲਾਹੌਰ ਦਾ ਪਾਗਲਖਾਨਾ : ਦੇਸ਼-ਵੰਡ ਬਾਰੇ ਇਕ ਮਹੱਤਵਪੂਰਨ ਦਸਤਾਵੇਜ਼** 128
ਡਾ. ਰੁਪਿੰਦਰ ਕੌਰ

❒ **ਲੈਵਿਸ ਹੈਨਰੀ ਮਾਰਗਨ ਦਾ ਚਿੰਤਨ : 'ਪੁਰਾਤਨ ਸਮਾਜ' ਦੇ ਪ੍ਰਸੰਗ ਵਿਚ** 131
ਦਲਜੀਤ ਕੌਰ

❒ **ਵਾਰਿਸ ਸ਼ਾਹ ਰਚਿਤ 'ਹੀਰ' ਵਿਚ ਛੰਦ, ਤਾਲ, ਰਾਗ ਅਤੇ ਰਸ ਦਾ ਅੰਤਰ-ਸਬੰਧ** 138
ਡਾ. ਪਵਨ ਸਰਵਰ

❒ **ਕਸ਼ਮੀਰ ਸੰਕਟ, ਇਤਿਹਾਸ ਅਤੇ ਸਮਕਾਲ ਨਾਲ ਸਬੰਧਤ**
**ਪੰਜਾਬੀ ਨਾਵਲ ਸਮਾਜ ਸਭਿਆਚਾਰਕ ਪਰਿਪੇਖ** 147
ਕੁਲਜੀਤ ਸਿੰਘ

❒ **ਸੁਖਜੀਤ ਦਾ ਕਹਾਣੀ ਜਗਤ : ਵਸਤੂ ਅਤੇ ਵਿਧੀ** 156
ਡਾ. ਨਵਜੋਤ ਕੌਰ


## ਪੁਸਤਕ ਰੀਵਿਊ :


- **ਚੁਰਾਸੀ ਲੱਖ ਯਾਦਾਂ (ਨਾਵਲ)/ਜਸਬੀਰ ਮੰਡ** : ਡਾ. ਮਹਿਲ ਸਿੰਘ 163
- **ਪਰਛਾਵਿਆਂ ਦੀ ਜੂਨ ਭੋਗਦੇ ਅਕਾਰਾਂ ਦਾ ਧੁਰਦੇਸ : ਚੁਰਾਸੀ ਲੱਖ ਯਾਦਾਂ** : ਡਾ. ਯਾਦਵਿੰਦਰ ਸਿੰਘ 165
- **ਮਨੁ ਪੰਖੀ ਭਇਓ (ਨਾਵਲ)/ਮਨਮੋਹਨ** : ਡਾ. ਹਰਪ੍ਰੀਤ ਸਿੰਘ 168
- **ਪੰਜਾਬੀ ਸਾਹਿਤ-ਇਤਿਹਾਸ ਤੇ ਇਤਿਹਾਸਕਾਰੀ (ਆਲੋਚਨਾ)/ਡਾ. ਹਰਿਭਜਨ ਸਿੰਘ ਭਾਟੀਆ** 170
  ਡਾ. ਪਰਮਜੀਤ ਢੀਂਗਰਾ


◈



# ਪੰਜਾਬ ਵੰਡ (1947)
## ਭੂਗੋਲ, ਆਰਥਿਕਤਾ ਅਤੇ ਕਿਸਾਨੀ ਉੱਪਰ ਪ੍ਰਭਾਵ

**ਡਾ. ਸੁਖਦੇਵ ਸਿੰਘ ਸੋਹਲ**

ਪ੍ਰੋਫ਼ੈਸਰ ਅਤੇ ਮੁਖੀ (ਸੇਵਾਮੁਕਤ), ਇਤਿਹਾਸ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
✆ 94173 14345

ਪੰਜਾਬ ਦੀ ਵੰਡ ਜਾਂ ਬਟਵਾਰਾ (1947) ਇਕ ਹਿੰਸਾਤਮਕ ਅਤੇ ਦੁੱਖਦਾਈ ਘਟਨਾ ਸੀ। ਇਸ ਨਾਲ ਵੱਡੀ ਪੱਧਰ ’ਤੇ ਸਮਾਜਕ ਅਤੇ ਆਰਥਿਕ ਉੱਥਲ-ਪੁਥਲ ਹੋਈ। ਰਾਸ਼ਟਰੀ ਪੱਧਰ ’ਤੇ ਅਜ਼ਾਦੀ ਦੀਆਂ ਖ਼ੁਸ਼ੀਆਂ ਅਤੇ ਪੰਜਾਬ ਵਿਚ ਕਤਲੋਗਾਰਤ ਇਤਿਹਾਸਕ ਵਿਰੋਧਾਭਾਸ ਨੂੰ ਉਜਾਗਰ ਕਰਦਾ ਹੈ। ਇਹ ਪੰਜਾਬ ਦੀ ਸਭਿਆਚਾਰੀ ਸਰੀਰ ਦਾ ਬਟਵਾਰਾ ਸਾਬਤ ਹੋਇਆ। ਬਟਵਾਰੇ ਨੇ ਪੰਜਾਬੀਅਤ ਦੀ ਰੂਹ ਨੂੰ ਗਹਿਰੀ ਸੱਟ ਪਹੁੰਚਾਈ। ਇਸਦੇ ਵਕਤੀ ਝਟਕਿਆਂ ਤੋਂ ਇਲਾਵਾ ਦੂਰ-ਅਗਾਮੀ ਅਬਾਦੀ ਅਤੇ ਆਰਥਿਕ ਨਤੀਜੇ ਜ਼ਿਆਦਾ ਘਾਤਕ ਸਾਬਤ ਹੋਏ: ਖੇਤ, ਦਰਿਆ, ਸੰਚਾਰ ਦੇ ਸਾਧਨ, ਇਤਿਹਾਸ ਅਤੇ ਸਭਿਆਚਾਰ ਵੰਡਿਆ ਗਿਆ। ਅਜਿਹੀ ਵੰਡ ਪੰਜਾਬ ਦੇ ਸਾਰੇ ਇਤਿਹਾਸ ਵਿਚ ਕਿਸੇ ਕਾਲ ਵਿਚ ਨਹੀਂ ਹੋਈ। ਸਮੇਂ ਨਾਲ ਇਸਦਾ ਫੱਟ ਹੋਰ ਗਹਿਰਾ ਹੁੰਦਾ ਜਾ ਰਿਹਾ ਹੈ। ਪੰਜਾਬ ਦੀ ਸਰਹੱਦੀ ਸਥਿਤੀ ਇਸ ਨੂੰ ਹਰ ਵੇਲੇ ਭਾਰਤ ਦੀ ਰਾਜਨੀਤੀ ਦੇ ਕੇਂਦਰ ਬਿੰਦੂ ’ਤੇ ਲੈ ਆਉਂਦੀ ਹੈ। ਇਸਦਾ ਵਰਤਮਾਨ ਹੀ ਇਸਦਾ ਇਤਿਹਾਸ ਹੈ। ਇਹ ਵਾਜਿਬ ਸਮਾਂ ਹੈ ਕਿ ਪੰਜਾਬ ਦੀ ਵੰਡ ਬਾਰੇ ਪੁਨਰ-ਵਿਚਾਰ ਕੀਤਾ ਜਾਵੇ, ਮੁਨਾਸਿਬ ਸਬਕ ਲਏ ਜਾਣ। ਇਸ ਪਰਚੇ ਵਿਚ ਕਿਸਾਨੀ ਉਪਰ ਪਏ ਭੂਗੋਲਿਕ ਅਤੇ ਆਰਥਿਕ ਪ੍ਰਭਾਵਾਂ ਬਾਰੇ ਇਤਿਹਾਸਕ ਤੱਥਾਂ ਰਾਹੀਂ ਜ਼ਿਕਰ ਕੀਤਾ ਗਿਆ ਹੈ।

### I. ਕਤਲੋਗਾਰਤ, ਭੂਗੋਲਿਕ ਅਤੇ ਅਬਾਦੀ ਦਾ ਬਟਵਾਰਾ

ਪੰਜਾਬ ਦੀ ਵੰਡ ਬੁਰੀ ਤਰ੍ਹਾਂ ਵਿਉਂਤੀ ਅਤੇ ਦਹਿਸ਼ਤ ਭਰਪੂਰ ਸੀ ਜਿਸਦਾ ਵਰਤਾਰਾ ਖ਼ੂਨੀ ਫਿਰਕੂ ਸਫਾਈ ਸੀ। ਲੱਖਾਂ ਲੋਕਾਂ ਨੂੰ ਬਚਾਉ ਲਈ ਮਜਬੂਰਨ ਘਰ-ਬਾਰ ਛੱਡਣਾ ਪਿਆ।[1] ਪੰਜਾਬ ਦੀ ਵੰਡ ਦਾ ਪਿਛੋਕੜ ਵੀਹਵੀਂ ਸਦੀ ਦੀ ਫ਼ਿਰਕਾਪ੍ਰਸਤੀ ਦੀ ਸੌੜੀ ਰਾਜਨੀਤੀ ਦੇ ਨਾਲ-ਨਾਲ ਰਾਸ਼ਟਰੀ ਪੱਧਰ 'ਤੇ ਵਾਪਰੀਆਂ ਘਟਨਾਵਾਂ ਨਾਲ ਵੀ ਜੋੜਿਆ ਜਾ ਸਕਦਾ ਹੈ। ਖਾਨਾਜੰਗੀ ਦੇ ਡਰ ਤੋਂ ਬਚਣ ਲਈ ਭਾਰਤ ਨੂੰ ਵੰਡਣਾ ਲਾਜ਼ਮੀ ਸਮਝਿਆ ਗਿਆ। ਇਸ ਫ਼ੈਸਲੇ ਨਾਲ ਪੰਜਾਬ ਬੁਰੀ ਤਰ੍ਹਾਂ ਅਤੇ ਬੰਗਾਲ ਹੌਲੀ-ਹੌਲੀ ਵੰਡ ਦੀ ਰਾਜਨੀਤੀ ਦਾ ਸ਼ਿਕਾਰ ਬਣਿਆ। ਪੰਜਾਬ ਨੂੰ ਵੰਡਣ ਲਈ ਸਰ ਸਿਰਲ ਰੈੱਡਕਲਿਫ਼ 8 ਜੁਲਾਈ 1947 ਨੂੰ ਭਾਰਤ ਆਇਆ। ਉਸ ਕੋਲ ਸਿਰਫ 38 ਦਿਨ ਸਨ। ਵੰਡ ਲਈ ਪੰਜਾਬ ਅਤੇ ਬੰਗਾਲ ਵਾਸਤੇ ਦੋ ਕਮਿਸ਼ਨ ਸਥਾਪਿਤ ਕੀਤੇ ਗਏ। ਪੰਜਾਬ ਵੰਡ ਦੇ ਕਮਿਸ਼ਨ ਮੈਂਬਰਾਂ ਵਲੋਂ ਕੋਈ ਸਹਿਯੋਗ ਨਹੀਂ ਸੀ। ਉਸ ਨੇ ਇਕੱਲੇ ਜਲਦੀ ਅਤੇ ਅਤਿ ਦੀ ਗਰਮੀ ਵਿਚ ਆਪਣਾ ਐਵਾਰਡ 13 ਅਗਸਤ ਨੂੰ ਸਰਕਾਰ ਨੂੰ ਦਿੱਤਾ ਅਤੇ ਭਾਰਤ ਛੱਡ ਗਿਆ। ਲਾਰਡ ਲੂਈ ਮਾਉਂਟਬੈਟਨ, ਗਵਰਨਰ ਜਨਰਲ ਨੇ ਇਹ ਐਵਾਰਡ 16 ਅਗਸਤ ਨੂੰ ਨਸ਼ਰ ਕੀਤਾ ਅਤੇ ਇਸਦੀ ਸਰਕਾਰੀ ਪੁਸ਼ਟੀ 18 ਅਗਸਤ 1947 ਨੂੰ ਕੀਤੀ।[2] ਸਰ ਰੈੱਡਕਲਿਫ਼ ਮੁਤਾਬਿਕ ਮੁਨਾਸਿਬ ਵੰਡ ਲਈ ਦੋ ਸਾਲ ਲੱਗਣੇ ਸਨ। ਪੰਜਾਬ ਵਿਚ ਡਰ ਦਾ ਮਾਹੌਲ ਬਣ ਚੁੱਕਾ ਸੀ।[3] ਮਾਰਚ 1947 ਤੋਂ ਫ਼ਿਰਕੂ ਦੰਗੇ ਸ਼ੁਰੂ ਹੋ ਗਏ। ਅਗਸਤ 15, 1947 ਤਕ ਪੰਜਾਬ ਇਕ ਤਬਾਹੀ ਅਤੇ ਮੌਤ ਦੀ ਸ਼ਮਸ਼ਾਨ ਘਾਟ ਬਣ ਗਿਆ।[4] ਮਰਨ ਵਾਲਿਆਂ ਦੀ ਗਿਣਤੀ 5 ਲੱਖ ਤੋਂ ਇਕ ਕਰੋੜ ਦੱਸੀ ਜਾਂਦੀ ਹੈ ਅਤੇ 1 ਕਰੋੜ 30 ਲੱਖ ਲੋਕਾਂ ਨੇ ਆਪਣੇ ਘਰਾਂ ਨੂੰ ਛੱਡ ਕੇ ਦੂਸਰੀ ਥਾਵਾਂ ਤੇ ਵਸੇਬਾ ਸ਼ੁਰੂ ਕੀਤਾ।[5] ਕਤਲੇਆਮ ਕਾਰਣ ਪੰਜਾਬ ਨਸਲਘਾਤ ਦਾ ਖੇਤਰ ਬਣ ਗਿਆ ਜਿਥੇ ਇਕ ਫ਼ਿਰਕੇ ਦੇ ਲੋਕਾਂ ਨੂੰ ਦੂਸਰੇ ਫ਼ਿਰਕੇ ਦੇ ਲੋਕਾਂ ਰਾਹੀਂ ਵਿਉਂਤਬੰਦ ਤਰੀਕੇ ਨਾਲ ਮਲੀਆਮੇਟ ਕਰਨ ਦੇ ਹਰ ਹੀਲੇ ਵਸੀਲੇ ਕੀਤੇ।[6] ਅਗਸਤ 1947 ਦਾ ਮਹੀਨਾ ਖਾਨਾਜੰਗੀ ਦੇ ਵਤੀਰੇ ਨਾਲ ਬੀਤਿਆ ਜਦੋਂ ਹਥਿਆਰਬੰਦ ਗਰੋਹ ਕਤਲੇਆਮ ਅਤੇ ਲੁੱਟ ਘਸੁੱਟ ਵਿਚ ਬੇਫ਼ਿਕਰ ਸਰਗਰਮ ਸਨ।[7] ਸਭ ਤੋਂ ਵੱਧ ਅਸਰ ਅੰਮ੍ਰਿਤਸਰ ਅਤੇ ਲਾਹੌਰ ਸ਼ਹਿਰਾਂ ਦਰਮਿਆਨ ਅਤੇ ਨਾਲ ਲੱਗਦੇ ਇਲਾਕਿਆਂ ਵਿਚ ਹੋਇਆ। ਹਲਾਤਾਂ ਨੂੰ ਕਾਬੂ ਰੱਖਣ ਲਈ ਬਣਾਈ ਪੰਜਾਬ ਸਰਹੱਦੀ ਫ਼ੌਜ ਨਾਕਾਮ ਰਹੀ। ਲਾਹੌਰ ਸ਼ਹਿਰ ਦਾ ਰੇਲਵੇ ਸਟੇਸ਼ਨ ਕਤਲੋਗਾਰਤ ਦਾ ਕੇਂਦਰ ਬਣਿਆ। ਰੇਲ ਰਾਹੀਂ ਸਫ਼ਰ ਕਰਨਾ ਸੁਰੱਖਿਅਤ ਨਹੀਂ ਸੀ। ਇਹ ਕਤਲੇਆਮ ਵਿਉਂਤਬੰਦ ਸੀ ਜਿਸਦੀ ਮਿਸਾਲ


(ਪੰਨੇ 28-35)
**www.sanvad.org**
ISSN : 2395-1273

ਇਤਿਹਾਸ ਵਿਚ ਨਹੀਂ ਮਿਲਦੀ।[8] ਬਟਵਾਰੇ ਦੌਰਾਨ ਮਾਲ-ਅਸਬਾਬ ਦੀ ਲੁੱਟ ਦੇ ਇਲਾਵਾ ਇਸਤਰੀਆਂ ਦਾ ਉਧਾਲਾ ਕੀਤਾ ਗਿਆ। ਨਿਰਲੱਜਤਾ ਦੀਆਂ ਸਾਰੀਆਂ ਹੱਦਾਂ ਪਾਰ ਹੋ ਗਈਆਂ। ਇਸ ਘਿਨੌਣੇ ਵਰਤਾਰੇ ਨੂੰ ਯਾਦ ਕਰਕੇ ਹੀ ਰੂਹ ਕੰਬ ਜਾਂਦੀ ਹੈ। ਜਵਾਹਰ ਲਾਲ ਨਹਿਰੂ ਮੁਤਾਬਿਕ ਵੰਡ ਵੇਲੇ ਔਰਤਾਂ ਸਭ ਤੋਂ ਵੱਧ ਪੀੜਤ ਸਨ। ਫ਼ਿਰਕਾਪ੍ਰਸਤੀ ਅਤੇ ਦੰਗੇਬਾਜ਼ੀ ਦਾ ਨੰਗਾ ਨਾਚ ਸਾਹਮਣੇ ਆਇਆ।[9]

ਵੰਡ ਦੀ ਰਾਜਨੀਤੀ ਵਿਚ ਲੋਕਾਂ ਦੇ ਤਬਾਦਲੇ ਦਾ ਕਦੀ ਵੀ ਸੰਜੀਦਗੀ ਨਾਲ ਵਿਚਾਰ ਨਹੀਂ ਕੀਤਾ ਗਿਆ। ਫ਼ਿਰਕੂ ਵਰਤਾਰੇ ਕਾਰਨ ਹਿੰਸਾ ਹਾਵੀ ਹੋ ਗਈ। ਸ਼ੁਰੂ ਵਿਚ ਸਿੱਖ ਲੀਡਰਾਂ ਨੇ ਲੋਕਾਂ ਨੂੰ ਟਿਕੇ ਰਹਿਣ ਲਈ ਕਿਹਾ, ਜੋ ਘਾਤਕ ਸਾਬਤ ਹੋਇਆ। ਪ੍ਰਬੰਧਕੀ ਨਕਾਮੀ ਕਾਰਣ ਕਤਲੇਆਮ ਰੋਕਣਾ ਮੁਸ਼ਕਿਲ ਹੋ ਗਿਆ। ਲੋਕਾਂ ਨੂੰ ਸੁਰੱਖਿਅਤ ਥਾਵਾਂ ’ਤੇ ਜਾਣ ਲਈ ਕਾਫ਼ਲਿਆਂ ਵਿਚ ਆਉਣਾ ਪਿਆ। ਇਹ ਇਤਿਹਾਸ ਵਿਚ ਸਭ ਤੋਂ ਵੱਡਾ, ਤੇਜ਼ਦਾਰ ਅਤੇ ਮਾਰੂ ਤਬਾਦਲਾ ਸਾਬਤ ਹੋਇਆ। ਅਗਸਤ ਦੇ ਅੰਤ ਤਕ ਇਕ ਕਰੋੜ ਲੋਕ ਘਰ ਬਾਹਰ ਛੱਡ ਚੁੱਕੇ ਸਨ। ਜਵਾਹਰ ਲਾਲ ਨਹਿਰੂ ਨੇ 12 ਸਤੰਬਰ ਨੂੰ ਕੈਬਨਿਟ ਨੂੰ ਦੱਸਿਆ ਕਿ 1 ਕਰੋੜ 25 ਲੱਖ ਹਿੰਦੂ ਅਤੇ ਸਿੱਖ ਪਾਕਿਸਤਾਨ ਛੱਡ ਚੁੱਕੇ ਸਨ।[10] ਪਾਕਿਸਤਾਨ ਦੇ ਰਫ਼ਿਊਜੀ ਮਹਿਕਮੇ ਦੇ ਮੰਤਰੀ ਫਜਲੁਲ ਰਹਿਮਾਨ ਨੇ ਦੱਸਿਆ ਕਿ 14 ਅਕਤੂਬਰ 1947 ਤਕ 15 ਲੱਖ ਮੁਸਲਮਾਨ ਅਤੇ 17 ਲੱਖ ਹਿੰਦੂ ਸਿੱਖਾਂ ਨੇ ਪਰਵਾਸ ਕੀਤਾ ਅਤੇ 20 ਲੱਖ ਉਡੀਕ ਕਰ ਰਹੇ ਸਨ।[11] 1948 ਤਕ 52 ਲੱਖ ਰਫ਼ਿਊਜੀ ਪੱਛਮੀ ਪੰਜਾਬ ਵਿਚ ਰਿਕਾਰਡ ਕੀਤੇ ਗਏ ਜੋ ਅਬਾਦੀ ਦੇ ਹਰ ਛੇ ਇਨਸਾਨਾਂ ਵਿਚ ਇਕ ਸੀ।[12] ਬਟਵਾਰੇ ਨੇ ਸਮਾਜਕ ਢਾਂਚੇ ਨੂੰ ਤਬਦੀਲ ਕੀਤਾ। ਬਰਾਦਰੀ ਦੇ ਲੋਕ ਕਈ ਥਾਵਾਂ ’ਤੇ ਖਿਲਰ ਗਏ। ਪਾਕਿਸਤਾਨ ਤੋਂ ਆਏ ਲੋਕਾਂ ਨੂੰ ਸਥਾਨਕ ਲੋਕਾਂ ਨੇ ਨਫ਼ਰਤ ਨਾਲ ਦੇਖਣਾ ਸ਼ੁਰੂ ਕੀਤਾ। ਪੂਰਬੀ ਪੰਜਾਬ ਵਿਚ ਔਰਤਾਂ ਪਰਦਾ ਰੱਖਦੀਆਂ ਸਨ। ਪੱਛਮੀ ਪੰਜਾਬ ਵਿਚ ਸ਼ਹਿਰਾਂ ਦੀਆਂ ਔਰਤਾਂ ਵਿਚ ਇਹ ਰਸਮ ਘੱਟ ਸੀ। ਸ਼ਹਿਰਾਂ ਵਿਚ ਤਬਦੀਲੀ ਨੇ ਸੁਖਾਵੀਂ ਸਥਿਤੀ ਲਿਆਂਦੀ।[13]

ਲੋਕਾਂ ਦੇ ਬਟਵਾਰੇ ਨਾਲ ਪੰਜਾਬ ਦੀ ਭੂਗੋਲਿਕ ਵੰਡ ਨੇ ਖਿੱਤੇ ਨੂੰ ਹੋਰ ਸੁੰਘੜਾਅ ਦਿੱਤਾ। ਪੂਰਬੀ ਪੰਜਾਬ (ਭਾਰਤ) ਨੂੰ 29 ਜ਼ਿਲ੍ਹਿਆਂ ਵਿਚੋਂ 13 ਜ਼ਿਲ੍ਹੇ ਅਤੇ ਪੰਜ ਰਿਆਸਤਾਂ ਮਿਲੀਆਂ। ਪੰਜਾਬ ਦੀਆਂ ਕੁਲ 5 ਡਵੀਜਨਾਂ ਵਿਚੋਂ 2 ਡਵੀਜਨਾਂ ਪੂਰਬੀ ਪੰਜਾਬ ਵਿਚ ਆਈਆਂ, ਅਬਾਦੀ ਦਾ ਹਿੱਸਾ 45 ਫੀਸਦੀ ਅਤੇ ਕੁੱਲ ਰਕਬੇ ਦਾ 33 ਫੀਸਦੀ ਮਿਲਿਆ। ਪੂਰਬੀ ਪੰਜਾਬ ਵਿਚ ਅਬਾਦੀ ਦੀ ਪ੍ਰਤੀ ਵਿਅਕਤੀ ਘਣਤਾ 120 ਇਨਸਾਨ ਪ੍ਰਤੀ ਵਰਗ ਕਿਲੋਮੀਟਰ ਸੀ ਜਦੋਂ ਕਿ ਪੱਛਮੀ ਪੰਜਾਬ (ਪਾਕਿਸਤਾਨ) ਕੋਲ 100 ਇਨਸਾਨ ਪ੍ਰਤੀ ਵਰਗ ਸੀ। ਪੂਰਬੀ ਪੰਜਾਬ ਕੋਲ ਕੁਲ ਪੰਜਾਬ ਦੀ 30 ਫੀਸਦੀ ਆਮਦਨ ਰਹਿ ਗਈ।[14] ਪੂਰਬੀ ਪੰਜਾਬ ਦੇ ਹਿੱਸੇ 1 ਕਰੋੜ 26 ਲੱਖ ਅਬਾਦੀ ਅਤੇ 37,428 ਵਰਗ ਮੀਲ ਰਕਬਾ ਆਇਆ। ਪੂਰਬੀ ਪੰਜਾਬ ਵਿਚ 20 ਫੀਸਦੀ ਵੱਸੋਂ ਉਜਾੜੇ ਤੋਂ ਪ੍ਰਭਾਵਤ ਸੀ ਜਿਸ ਵਿਚ ਹਿੰਦੂ ਤਕਰੀਬਨ 52 ਫੀਸਦੀ ਅਤੇ ਸਿੱਖ 39.7 ਫੀਸਦੀ ਸਨ। ਹਰੀਜਨ ਤਕਰੀਬਨ 7 ਫੀਸਦੀ ਸਨ। ਸਾਂਝੇ ਪੰਜਾਬ ਵਿਚ ਸਿੱਖਾਂ ਦੀ ਗਿਣਤੀ 13 ਫੀਸਦੀ ਸੀ ਜੋ ਵੱਧ ਕੇ 30 ਫੀਸਦੀ ਹੋ ਗਈ। ਸਿੱਖਾਂ ਵਿਚ ਖ਼ੁਸ਼ਹਾਲ ਜ਼ਮੀਨ ਖੁੱਸਣ ਦੀ ਰੰਜਸ਼ ਵਧੀ ਅਤੇ ਪਛਾਣ ਦੀ ਰਾਜਨੀਤੀ ਨੇ ਜਨਮ ਲਿਆ। ਭਾਰਤੀ ਪੰਜਾਬ ਦਾ ਕੁੱਲ ਭਾਰਤ ਦੇ ਰਕਬੇ ਦਾ 3 ਫੀਸਦੀ ਹਿੱਸਾ ਸੀ। ਪਾਕਿਸਤਾਨ ਕੋਲ ਸਾਂਝੇ ਭਾਰਤ ਦੀ 23 ਫੀਸਦੀ ਜ਼ਮੀਨ ਅਤੇ 18 ਫੀਸਦੀ ਅਬਾਦੀ ਰਹਿ ਗਈ।[15] ਅਬਾਦੀ ਦੇ ਪੱਧਰ 'ਤੇ ਅੰਮ੍ਰਿਤਸਰ ਨੂੰ ਨੁਕਸਾਨ ਹੋਇਆ ਕਿਉਂਕਿ 1941 ਵਿਚ ਇਸ ਦੀ ਅਬਾਦੀ 3,91,000 ਵਿਅਕਤੀ ਸਨ ਜੋ 1951 ਵਿਚ ਘਟ ਕੇ 3,25,000 ਵਿਅਕਤੀ ਰਹਿ ਗਈ। ਸ਼ਹਿਰ ਵਿਚ 23 ਫੀਸਦੀ ਲੋਕ ਨਵੇਂ ਆ ਗਏ, ਇਹ ਅਬਾਦੀ ਲਾਹੌਰ ਦੇ ਮੁਕਾਬਲੇ ਲਗਾਤਾਰ ਘਟ ਰਹੀ ਹੈ।[16] ਪੱਛਮੀ ਪੰਜਾਬ ਤੋਂ ਆਏ ਵਾਹੀਕਾਰਾਂ ਨੂੰ ਪੂਰਬੀ ਪੰਜਾਬ ਦੇ ਜ਼ਿਲ੍ਹੇ ਫਿਰੋਜ਼ਪੁਰ, ਕਰਨਾਲ, ਅੰਬਾਲਾ, ਹਿਸਾਰ ਅਤੇ ਰੋਹਤਕ ਵਿਚ ਜ਼ਮੀਨ ਦਿੱਤੀ ਗਈ ਤਾਂ ਜੋ ਭਾਈਚਾਰੇ ਨੂੰ ਇਕੱਠਾ ਕੀਤਾ ਜਾ ਸਕੇ। ਇਸ ਤਰ੍ਹਾਂ 3 ਲੱਖ 50 ਹਜ਼ਾਰ ਕਿਸਾਨਾਂ ਨੂੰ ਮੁਸਲਮਾਨਾਂ ਦੀ ਛੱਡੀ ਜ਼ਮੀਨ ਦਿੱਤੀ ਗਈ।[17] ਇਸ ਤੋਂ ਇਲਾਵਾ ਭਾਰਤੀ ਪੰਜਾਬ ਕੋਲੋਂ ਲਾਹੌਰ ਵਰਗੇ ਸ਼ਹਿਰ ਦੀ ਸ਼ਹਿਰੀ ਖਿੱਚ ਗਾਇਬ ਹੋ ਗਈ। ਤਕਰੀਬਨ ਸਾਰੇ ਸ਼ਹਿਰ ਵੱਡੇ ਪੇਂਡੂ ਇਕੱਠ ਵਾਂਗ ਹੀ ਸਨ। ਇਸ ਕਾਰਨ ਪੱਛਮੀ ਪੰਜਾਬ ਤੋਂ ਆਏ ਵਪਾਰੀ ਅਤੇ ਸਨਅਤੀ ਲੋਕ ਵੱਖਰੇ-ਵੱਖਰੇ ਸ਼ਹਿਰਾਂ ਵਿਚ ਖਿੱਲਰ ਗਏ।[18]

## II. ਕਿਸਾਨੀ ਅਤੇ ਅਰਥ ਵਿਵਸਥਾ ’ਤੇ ਅਸਰ

ਵੰਡ ਕਰਕੇ ਕਿਸਾਨੀ ਅਰਥ ਵਿਵਸਥਾ ਨੂੰ ਗਹਿਰੀ ਸੱਟ ਵੱਜੀ। ਬਸਤੀਵਾਦੀ ਨੀਤੀਆਂ ਅਧੀਨ ਪੰਜਾਬ ਦੇ ਪੱਛਮੀ ਹਿੱਸੇ ਵਿਚ 1880ਵੇਂ ਤੋਂ ਨਹਿਰੀ ਤੰਤਰ ਹੋਂਦ ਵਿਚ ਆਇਆ ਜੋ 1920 ਤਕ ਚਲਦਾ ਰਿਹਾ। ਇਸ ਵਿਚ ਮਾਝੇ ਤੋਂ ਕਿਸਾਨਾਂ ਅਤੇ ਫ਼ੌਜ ਅਤੇ ਪੁਲਿਸ ਦੇ ਅਧਿਕਾਰੀਆਂ ਨੂੰ ਜਗੀਰਾਂ ਦਿੱਤੀਆਂ ਗਈਆਂ। ਬੇਅਬਾਦ

ਜ਼ਮੀਨ ਅਬਾਦ ਕੀਤੀ ਗਈ। ਇਸ ਜ਼ਮੀਨ ਦੀ ਉਪਜਾਊ ਸ਼ਕਤੀ ਵੀ ਵੱਧ ਸੀ। ਇਹ ਜ਼ਮੀਨ ਪਾਕਿਸਤਾਨ ਵਿਚ ਰਹਿ ਗਈ। ਇਸ ਤੋਂ ਇਲਾਵਾ ਇਸ ਜ਼ਮੀਨ ਦਾ 45 ਫੀਸਦੀ ਬੀਜਣ ਯੋਗ ਰਕਬਾ ਪਾਕਿਸਤਾਨ ਵਿਚ ਰਹਿ ਗਿਆ ਜੋ ਸਿੰਜਾਈ ਹੇਠ ਸੀ ਅਤੇ ਪੂਰਬੀ ਪੰਜਾਬ ਵਿਚ ਸਿਰਫ਼ 19 ਫੀਸਦੀ ਰਕਬਾ ਹੀ ਸਿੰਜਾਈ ਹੇਠ ਸੀ। ਇਸ ਤਰ੍ਹਾਂ ਪੂਰਬੀ ਪੰਜਾਬ, ਸਿੰਜਾਈ ਅਤੇ ਪੈਦਾਵਾਰ ਪੱਖੋਂ ਪੱਛੜਿਆ ਹੋਇਆ ਖਿੱਤਾ ਸੀ।[19] ਸਾਂਝੇ ਪੰਜਾਬ ਦੇ 55 ਲੱਖ ਹੈਕਟੇਅਰ ਜ਼ਮੀਨ ਨਹਿਰੀ ਸਿੰਜਾਈ ਹੇਠ ਸੀ ਜਿਸ ਵਿਚ ਸਿਰਫ਼ 18 ਲੱਖ ਹੈਕਟੇਅਰ ਪੂਰਬੀ ਪੰਜਾਬ ਨੂੰ ਮਿਲੀ। ਇਸ ਵਿਚ ਬਾਰੀ ਦੁਆਬ ਨਹਿਰ, ਸਰਹਿੰਦ ਨਹਿਰ ਅਤੇ ਪੱਛਮੀ ਜਮਨਾ ਨਹਿਰ ਸ਼ਾਮਿਲ ਸਨ। ਉਪਜਾਊ ਕਪਾਹ ਅਤੇ ਕਣਕ ਦਾ ਇਲਾਕਾ ਪੱਛਮੀ ਪੰਜਾਬ ਵਿਚ ਰਹਿ ਗਿਆ। ਪੂਰਬੀ ਪੰਜਾਬ ਦਾ ਸਿਰਫ 35 ਫੀਸਦੀ ਰਕਬਾ ਹੀ ਸਿੰਜਾਈ ਹੇਠ ਸੀ।[20] ਇਸ ਕਾਰਨ ਪੂਰਬੀ ਪੰਜਾਬ ਕੋਲ 1947 ਵਿਚ 35,000 ਟਨ ਅਨਾਜ ਦੀ ਘਾਟ ਸੀ, ਜਿਸ ਕਾਰਨ 1948 ਵਿਚ ਕਣਕ ਦੀ ਕੀਮਤ 12 ਰੁਪੈ ਪ੍ਰਤੀ ਮਣ ਤੋਂ ਵੱਧ ਕੇ 18 ਰੁਪੈ ਪ੍ਰਤੀ ਮਣ ਹੋ ਗਈ।[21] ਇਸ ਤੋਂ ਇਲਾਵਾ ਪੂਰਬੀ ਪੰਜਾਬ ਵਿਚ ਖੇਤੀ ਰਿਵਾਇਤੀ ਸੀ। ਸਿਰਫ਼ 13 ਫੀਸਦੀ ਮੂਲ ਬਿਜਾਈ ਰਕਬਾ ਇਕ ਤੋਂ ਵੱਧ ਫ਼ਸਲਾਂ ਅਧੀਨ ਸੀ। ਪ੍ਰਤੀ ਫ਼ਸਲ ਪੈਦਾਵਾਰ ਘੱਟ ਸੀ। ਜ਼ਮੀਨ ਨੂੰ ਖਾਲੀ ਛੱਡ ਕੇ ਉਸ ਦੀ ਉਪਜਾਊ ਸ਼ਕਤੀ ਵਧਾਈ ਜਾਂਦੀ ਸੀ। ਰਸਾਇਣ ਖਾਦਾਂ ਦੀ ਵਰਤੋਂ ਬਹੁਤ ਘੱਟ ਸੀ। ਸਿਰਫ਼ ਹਰੀ ਖਾਦ ਹੀ ਵਰਤੀ ਜਾਂਦੀ ਸੀ। ਜੋਤਾਂ ਛੋਟੀਆਂ ਅਤੇ ਖਿਲਰੀਆਂ ਹੋਈਆਂ ਸਨ। ਮੰਡੀ ਅਤੇ ਅਨਾਜ ਸੰਭਾਲ ਦੀਆਂ ਸਹੂਲਤਾਂ ਬਿਲਕੁੱਲ ਗਾਇਬ ਸਨ।[22] ਪਾਕਿਸਤਾਨ ਪਾਸ ਵਾਧੂ ਅਨਾਜ ਪੈਦਾ ਕਰਨ ਵਾਲਾ ਰਕਬਾ ਸੀ।[23] ਪਾਕਿਸਤਾਨ ਤੋਂ ਆਏ ਵਾਹੀਕਾਰਾਂ ਨੂੰ ਅਨਾਜ ਅਤੇ ਪਸ਼ੂਆਂ ਦੇ ਚਾਰੇ ਲਈ ਕਰਜ਼ਾ ਦਿੱਤਾ ਗਿਆ। ਇਸ ਤੋਂ ਇਲਾਵਾ ਬੀਜਾਂ, ਖੂਹਾਂ ਦੀ ਮੁਰੰਮਤ ਅਤੇ ਘਰਾਂ ਨੂੰ ਰਹਿਣ ਯੋਗ ਬਨਾਉਣ ਲਈ ਵੀ ਕਰਜ਼ੇ ਦਿਤੇ ਗਏ। ਜਦੋਂ ਜ਼ਮੀਨ ਅਲਾਟ ਹੋ ਗਈ ਤਾਂ ਖੇਤੀ ਦੇ ਸੰਦਾਂ, ਟਿਊਬਵੈੱਲਾਂ ਅਤੇ ਟਰੈਕਟਰਾਂ ਲਈ ਵੀ ਕਰਜ਼ੇ ਦਿੱਤੇ। ਟਰੈਕਟਰਾਂ ਲਈ ਕਰਜ਼ਾ 32 ਲੱਖ ਰੁਪੈ ਸੀ। 1947-1951 ਦੌਰਾਨ ਤਕਰੀਬਨ 4 ਕਰੋੜ ਰੁਪੈ ਦੇ ਕਰਜ਼ੇ ਦਿਤੇ ਗਏ। ਇਸ ਤਰ੍ਹਾਂ ਇਹ ਹਰੀ ਕ੍ਰਾਂਤੀ ਵੱਲ ਪਹਿਲਾ ਕਦਮ ਸੀ।[24]

ਵੰਡ ਨੇ ਪੰਜਾਬ ਵਿਚ ਦੁਨੀਆਂ ਦਾ ਬਹੁਤ ਵੱਡਾ ਜ਼ਮੀਨੀ ਬੰਦੋਬਸਤ ਸ਼ੁਰੂ ਕੀਤਾ। ਹਿੰਦੂ ਅਤੇ ਸਿੱਖ ਵਾਹੀਕਾਰਾਂ ਵੱਲੋਂ ਪੱਛਮੀ ਪੰਜਾਬ ਵਿਚ ਤਕਰੀਬਨ 27 ਲੱਖ ਹੈਕਟੇਅਰ ਜ਼ਮੀਨ ਛੱਡੀ ਗਈ ਜਦੋਂ ਕਿ ਮੁਸਲਮਾਨਾਂ ਵੱਲੋਂ ਪੂਰਬੀ ਪੰਜਾਬ ਵਿਚ 19 ਲੱਖ ਹੈਕਟੇਅਰ ਜ਼ਮੀਨ ਛੱਡੀ। ਪੱਛਮੀ ਪੰਜਾਬ ਦੇ ਹਿੰਦੂ ਸਿੱਖਾਂ ਵਲੋਂ 20 ਲੱਖ ਏਕੜ ਵਾਧੂ ਜ਼ਮੀਨ ਛੱਡੀ। ਨਵੰਬਰ 1948 ਤੋਂ ਅਪ੍ਰੈਲ 1949 ਦੌਰਾਨ ਜ਼ਮੀਨ ਨਾਲ ਸਬੰਧਿਤ ਰਿਕਾਰਡ ਵਟਾਏ ਗਏ।[25] ਘੱਟ ਜ਼ਮੀਨ ਨੇ ਤਬਾਦਲੇ ਦੀਆਂ ਮੁਸ਼ਕਿਲਾਂ ਸਾਹਮਣੇ ਲਿਆਂਦੀਆਂ। ਸਰਦਾਰ ਤਰਲੋਕ ਸਿੰਘ ਅਧੀਨ ਜਲੰਧਰ ਵਿਖੇ ਵਸੇਬਾ ਸਕੱਤਰੇਤ ਹੋਂਦ ਵਿਚ ਆਇਆ ਜਿਸ ਵਿਚ 7000-8000 ਮੁਲਾਜ਼ਮ ਸਨ। ਸਰਦਾਰ ਤਰਲੋਕ ਸਿੰਘ ਅਰਥ-ਸ਼ਾਸਤਰ ਅਤੇ ਪ੍ਰਬੰਧਕੀ ਨਿਜ਼ਾਮ ਵਿਚ ਮਾਹਰ ਸੀ। ਉਸ ਨੂੰ ਛੋਟੇ ਅਤੇ ਖਿਲਰੇ ਹੋਏ ਖੇਤਾਂ ਦੀ ਬੁਰਾਈ ਅਤੇ ਗ਼ੈਰ ਆਰਥਿਕਤਾ ਦਾ ਗਿਆਨ ਸੀ। ਇਸ ਤੋਂ ਇਲਾਵਾ ਐਮ. ਐਸ. ਰੰਧਾਵਾ ਅਹਿਮ ਸ਼ਖ਼ਸੀਅਤ ਸੀ। ਦੋ ਤਜਵੀਜ਼ਾਂ ਵਰਤੀਆਂ ਗਈਆਂ: (1) ਮਿਆਰੀ ਏਕੜ ਅਤੇ (2) ਦਰਜਾ ਬੰਦ ਕਟੌਤੀ। ਮਿਆਰੀ ਏਕੜ ਜ਼ਮੀਨ ਦੀ ਉਪਜਾਊ ਸ਼ਕਤੀ ਨਾਲ ਜੋੜ ਦਿੱਤੀ।[26] ਪੂਰਬੀ ਪੰਜਾਬ ਪਾਸ 24 ਲੱਖ ਮਿਆਰੀ ਏਕੜ ਅਤੇ ਪੱਛਮੀ ਪੰਜਾਬ ਪਾਸ 39 ਲੱਖ ਮਿਆਰੀ ਏਕੜ ਸਨ। ਤਕਰੀਬਨ 15 ਲੱਖ ਮਿਆਰੀ ਏਕੜਾਂ ਦੇ ਘਾਟੇ ਲਈ ਦਰਜਾਬੰਦ ਕਟੌਤੀ ਲਾਜ਼ਮੀ ਹੋ ਗਈ।[27] ਕਟੌਤੀ ਜ਼ਮੀਨ ਦੀ ਮਲਕੀਅਤ 'ਤੇ ਲਾਈ ਗਈ। ਜਿਨ੍ਹਾਂ ਪਾਸ 10 ਏਕੜ ਜਾਂ ਘੱਟ ਸੀ ਉਨ੍ਹਾਂ ਲਈ 25 ਫੀਸਦੀ ਕੱਟ ਅਤੇ ਜਿਨ੍ਹਾਂ ਪਾਸ 500 ਮਿਆਰੀ ਏਕੜ ਸਨ ਉਨ੍ਹਾਂ ਲਈ 95 ਫੀਸਦੀ ਕਟੌਤੀ ਲਾਈ ਗਈ। ਘੱਟ ਜ਼ਮੀਨ ਕਾਰਣ ਮੁਜਾਰਿਆਂ ਨੂੰ ਵਾਹੀ ਵਾਸਤੇ ਜ਼ਮੀਨ ਦੇਣ ਦਾ ਰਿਵਾਜ ਤਕਰੀਬਨ ਖਤਮ ਹੋ ਗਿਆ। ਉੱਚ-ਵਰਗ ਅਤੇ ਵੱਡੇ ਜ਼ਿਮੀਂਦਾਰਾਂ ਦੇ ਰਹਿਣ ਸਹਿਣ ਵਿਚ ਵੱਡੀ ਤਬਦੀਲੀ ਆਈ। ਕਈਆਂ ਨੂੰ ਗਰੀਬੀ ਦਾ ਅਹਿਸਾਸ ਹੋਣ ਲੱਗਾ। ਮਿਆਰੀ ਕੱਟ ਨੇ ਜ਼ਮੀਨ ਦੀ ਮਲਕੀਅਤ ਵਿਚ ਕਾਫੀ ਬਰਾਬਰਤਾ ਲੈ ਆਂਦੀ।[28] ਜ਼ਮੀਨ ਦੀ ਕਟੌਤੀ ਕਾਰਨ ਜ਼ਮੀਂਦਾਰ ਆਪ ਵਾਹੀ ਕਰਨ ਲੱਗੇ। ਜ਼ਮੀਨ ਦੀ ਹੱਦ ਬੰਦੀ 30 ਏਕੜ ਰੱਖੀ ਗਈ। ਸਹਿਕਾਰੀ ਖੇਤੀ ਨੂੰ ਉਤਸ਼ਾਹਿਤ ਕੀਤਾ ਗਿਆ। ਇਸ ਤੋਂ ਇਲਾਵਾ ਪੰਜਾਬ ਵਿਚ ਜ਼ਮੀਨ ਘੱਟ ਹੋਣ ਕਰਕੇ ਬਹੁਤ ਸਾਰਿਆਂ ਨੂੰ ਪੰਜਾਬ ਤੋਂ ਬਾਹਰ ਯੂ.ਪੀ., ਮੱਧ-ਪ੍ਰਦੇਸ਼ ਅਤੇ ਰਾਜਸਥਾਨ ਜ਼ਮੀਨ ਦਿੱਤੀ ਗਈ। ਕਈਆਂ ਨੂੰ ਗਰੀਬੀ ਤਕ ਪਹੁੰਚਾ ਦਿੱਤਾ। ਗ਼ੈਰ-ਹਾਜ਼ਰ ਜ਼ਿਮੀਂਦਾਰੀ ਤਕਰੀਬਨ ਖਤਮ ਹੋ ਗਈ।[29] ਮੁਸਲਿਮ ਕਾਮਿਆਂ ਦੇ ਜਾਣ ਕਰਕੇ ਸਨਅਤੀ ਕਾਰੋਬਾਰ ਨੂੰ ਧੱਕਾ ਲੱਗਾ। ਬੇਰੁਜ਼ਗਾਰੀ ਵਿਚ ਵਾਧਾ ਹੋਇਆ ਜਿਸ ਕਰਕੇ ਜੁਰਮ ਅਤੇ ਮੰਗਣ ਵਾਲਿਆਂ ਦੀ ਗਿਣਤੀ ਵਧੀ।[30]


ISSN : 2395-1273

ਵੰਡ ਕਾਰਨ ਅਨਾਜ ਦੀ ਸਮੱਸਿਆ ਸਾਹਮਣੇ ਆਈ। ਦੂਸਰੀ ਸੰਸਾਰ ਜੰਗ (1939-45) ਦੌਰਾਨ ਹੋਰ ਅਨਾਜ ਉਗਾਉ (Grow More Food) ਮੁਹਿੰਮ ਚਾਲੂ ਕੀਤੀ, ਜੋ 1952 ਤਕ ਰਹੀ।[31] ਭਾਰਤ ਲਈ 7-8 ਲੱਖ ਟਨ ਅਨਾਜ ਦੀ ਘਾਟ ਸਾਹਮਣੇ ਆਈ। ਅਜ਼ਾਦੀ ਵੇਲੇ ਪੰਜਾਬ ਨੂੰ 37,000 ਟਨ ਅਨਾਜ ਬਾਹਰੋਂ ਲਿਆਉਣਾ ਪਿਆ।[32] ਅਨਾਜ ਦੀ ਅਯਾਤ 1948 ਵਿਚ 29 ਲੱਖ ਟਨ ਸੀ ਜੋ 1951 ਵਿਚ 48 ਲੱਖ ਟਨ ਹੋ ਗਈ। ਅਨਾਜ ਦੀ ਕਿੱਲਤ ਦਾ ਡਰ ਪੈਦਾ ਹੋ ਗਿਆ। ਭਾਰਤ ਸਰਕਾਰ ਨੂੰ ਅਮਰੀਕਾ ਤੋਂ ਪੀ ਐਲ (Public Law) 480 ਅਧੀਨ ਅਨਾਜ ਲਿਆਉਣਾ ਜ਼ਰੂਰੀ ਹੋ ਗਿਆ।[33] ਅਮਰੀਕਾ ਵੱਲੋਂ ਭਾਰਤ ਅਤੇ ਪਾਕਿਸਤਾਨ ਨੂੰ ਖੁਰਾਕ ਮਦਦ ਰਾਹੀਂ ਤੰਗੀ ਵਿਚ ਰੱਖਣਾ ਵਿਦੇਸ਼ ਨੀਤੀ ਦਾ ਹਿੱਸਾ ਸੀ। ਇਹ ਅਨਾਜ ਦਾ ਅਮਰੀਕਾ ਤੋਂ ਅਯਾਤ 1965-66 ਤਕ ਇਕ ਕਰੋੜ ਟਨ ਪਹੁੰਚ ਗਿਆ। ਇਹ ਸਥਿਤੀ ਨਮੋਸ਼ੀ ਭਰਪੂਰ ਸੀ। ਕਣਕ ਅਤੇ ਚੌਲ ਦੇ ਅਨਾਜ ਜੋਨ ਸਥਾਪਿਤ ਕੀਤੇ ਗਏ। ਜਨਵਰੀ 1965 ਵਿਚ ਫੂਡ ਕਾਰਪੋਰੇਸ਼ਨ ਆਫ਼ ਇੰਡੀਆ ਹੋਂਦ ਵਿਚ ਆਈ। ਚੀਨ ਦੀ ਜੰਗ (1962) ਅਤੇ ਭਾਰਤ-ਪਾਕਿ ਜੰਗ (1965) ਅਤੇ ਸੋਕਿਆਂ ਕਾਰਨ ਅਨਾਜ ਦੀਆਂ ਕੀਮਤਾਂ ਵਿਚ ਉਛਾਲ ਆਇਆ।[34] ਇਸ ਤੋਂ ਇਲਾਵਾ ਪਾਕਿਸਤਾਨ ਸਰਕਾਰ ਦਾ ਧਿਆਨ ਫੌਜੀ ਤਿਆਰੀ ਅਤੇ ਪ੍ਰਬੰਧ ਵੱਲ ਵਧਿਆ ਜਿਸ ਕਾਰਨ ਆਉਣ ਵਾਲੇ ਸਮੇਂ ਸਰਹੱਦੀ ਤਨਾਓ ਵੀ ਵਧਿਆ। ਇਸਦਾ ਅਸਰ ਪੰਜਾਬ ਦੀ ਰਾਜਨੀਤੀ ਅਤੇ ਆਰਥਿਕਤਾ 'ਤੇ ਪਿਆ। ਅਨਾਜ ਸਮੱਸਿਆ ਇਕ ਰਾਸ਼ਟਰੀ ਮੁੱਦਾ ਬਣਿਆ। ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਕਿਹਾ ਕਿ ਹਰ ਚੀਜ਼ ਦੀ ਉਡੀਕ ਹੋ ਸਕਦੀ ਪਰ ਖੇਤੀ ਦੀ ਨਹੀਂ। ਪਹਿਲੀ ਪੰਜ ਸਾਲਾ ਯੋਜਨਾ (1951-1956) ਅਧੀਨ ਸਿੰਜਾਈ ਨੂੰ ਵਿਸ਼ੇਸ਼ ਤਰਜੀਹ ਦਿੱਤੀ ਤਾਂ ਜੋ ਅਨਾਜ ਦੀ ਪੈਦਾਵਾਰ ਵਧੇ। ਪੰਜਾਬ ਨੂੰ ਕੁੱਲ ਖੇਤੀ ਦੇ ਬਜਟ ਦਾ 76 ਫੀਸਦੀ ਹਿੱਸਾ ਦਿੱਤਾ ਗਿਆ।[35] ਭਾਖੜਾ ਡੈਮ ਅਤੇ ਸਿੰਜਾਈ ਲਈ ਨਹਿਰੀ ਤੰਤਰ ਤਿਆਰ ਕੀਤਾ। ਪੰਜਾਬ ਦਾ ਕੁੱਲ ਬਿਜਾਈ ਹੇਠ ਰਕਬਾ 1950-51 ਵਿਚ 1 ਕਰੋੜ 66 ਲੱਖ ਏਕੜ ਸੀ, ਜੋ 1959-60 ਵਿਚ ਵਧਕੇ 1 ਕਰੋੜ 84 ਲੱਖ ਏਕੜ ਹੋ ਗਿਆ ਜਿਹੜਾ ਕਿ 11 ਫੀਸਦੀ ਵਾਧਾ ਸੀ।[36] 1949 ਵਿਚ ਜ਼ਮੀਨ ਦੀ ਸੀਮਾ ਲਾਗੂ ਕਰ ਦਿੱਤੀ। ਜ਼ਮੀਨ ਦੀ ਮੁਰੱਬੇਬੰਦੀ ਸ਼ੁਰੂ ਹੋਈ ਜੋ 1968 ਵਿਚ ਮੁਕੰਮਲ ਹੋਈ। 1955 ਦੇ ਐਕਟ ਮੁਤਾਬਿਕ ਸੀਮਾ 30 ਮਿਆਰੀ ਏਕੜ ਰੱਖੀ ਗਈ। ਬਾਹਰੋਂ ਆਇਆਂ ਲਈ 40 ਏਕੜ ਸੀ ਅਤੇ ਪੈਪਸੂ ਲਈ 50 ਏਕੜ ਸੀ। ਇਸ ਤਰ੍ਹਾਂ 1 ਲੱਖ 74 ਹਜ਼ਾਰ ਏਕੜ ਵਾਧੂ ਦੱਸੇ ਗਏ।[37] ਜ਼ਮੀਨੀ ਸੁਧਾਰਾਂ ਕਾਰਨ ਜ਼ਮੀਨ ਵਾਹੀਕਾਰੀ ਦੀ ਗਿਣਤੀ ਵਿਚ ਵਾਧਾ ਹੋਇਆ। ਇਹ 1947 ਵਿਚ 51 ਫੀਸਦੀ ਸੀ ਜੋ 1969-70 ਵਿਚ ਵਧਕੇ 80.89 ਫੀਸਦੀ ਹੋ ਗਈ। ਮੁਜਾਰਿਆਂ ਦੀ ਗਿਣਤੀ 1947 ਵਿਚ 47 ਫੀਸਦੀ ਸੀ ਜੋ ਘਟ ਕੇ 1969-70 ਵਿਚ 19 ਫੀਸਦੀ ਰਹਿ ਗਈ।[38] ਜ਼ਮੀਨੀ ਸੁਧਾਰ ਨਾਲ ਪੰਜਾਬ 1950-65 ਦੌਰਾਨ ਖੇਤੀ ਦੀ ਵਾਧੇ ਦੀ ਦਰ 4.6 ਫੀਸਦੀ ਹੋ ਗਈ। ਇਹ ਹਰੀ ਕ੍ਰਾਂਤੀ ਤੋਂ ਪਹਿਲਾਂ ਅਹਿਮ ਪ੍ਰਾਪਤੀ ਸੀ।[39]

ਭਾਖੜਾ ਨੰਗਲ ਨੇ ਪਾਣੀ ਅਤੇ ਬਿਜਲੀ ਦਾ ਘਾਟਾ ਪੂਰਾ ਕੀਤਾ। ਇਹ ਪੱਛਮੀ ਪੰਜਾਬ ਤੋਂ ਆਏ ਸ਼ਰਨਾਰਥੀਆਂ ਨੂੰ ਇਕ ਬਹੁਤ ਵੱਡੀ ਸਹਾਇਤਾ ਸੀ। ਅਜ਼ਾਦੀ ਵੇਲੇ ਪੂਰਬੀ ਪੰਜਾਬ ਦੇ 25 ਲੱਖ ਏਕੜ ਸਿੰਜਾਈ ਅਧੀਨ ਸੀ ਜੋ 1957 ਤਕ 65 ਲੱਖ ਏਕੜ ਹੋ ਗਏ। ਬਿਜਲੀ 1977 ਤਕ 100 ਫੀਸਦੀ ਹੈ ਜੋ 1951 ਵਿਚ ਸਿਰਫ਼ 4 ਫੀਸਦੀ ਸੀ।[40] ਬਿਜਲੀ ਕਾਰਨ ਟਿਊਬਵੈੱਲ ਦਾ ਯੁੱਗ ਸ਼ੁਰੂ ਹੋ ਗਿਆ। ਇਸ ਵਿਚ ਖੇਤੀ ਬਾੜੀ ਮਹਿਕਮੇ ਨੇ ਮਦਦ ਕੀਤੀ। ਪੂਰਬੀ ਪੰਜਾਬ ਵਿਚ ਖੇਤੀ ਦੀ ਦਰ ਨੂੰ 1960ਵੇਂ ਅਤੇ 1970ਵੇਂ ਦਹਾਕਿਆਂ ਵਿਚ ਪੂਰਾ ਕਰ ਲਿਆ ਗਿਆ। ਇਸ ਤੋਂ ਇਲਾਵਾ ਪੰਜਾਬ ਯੂਨੀਵਰਸਿਟੀ ਐਕਟ 1961 ਅਨੁਸਾਰ ਲੁਧਿਆਣਾ ਸ਼ਹਿਰ ਵਿਖੇ 1963 ਨੂੰ ਖੇਤੀਬਾੜੀ ਯੂਨੀਵਰਸਿਟੀ ਹੋਂਦ ਵਿਚ ਆਈ।[41] ਭਾਰਤ ਵਿਚ 1965-68 ਦੌਰਾਨ ਭਿਆਨਕ ਸੋਕਾ ਪਿਆ ਜਿਸ ਨਾਲ 17 ਫੀਸਦੀ ਖੇਤੀ ਪੈਦਾਵਾਰ ਘਟ ਗਈ। ਅਮਰੀਕਾ ਤੋਂ 1966 ਨੂੰ ਪੀ ਐਲ 480 ਅਧੀਨ 1 ਕਰੋੜ ਟਨ ਅਨਾਜ ਮੰਗਵਾਉਣਾ ਪਿਆ। ਮੈਕਸੀਕੋ ਦੀ ਖੇਤੀ ਮਾਹਰ ਡਾ. ਨੌਰਮਨ ਬਰਲੋ ਨੇ 1963 ਵਿਚ ਭਾਰਤ ਦਾ ਦੌਰਾ ਕੀਤਾ। ਚਾਰ ਕਿਸਮ ਦੀ ਕਣਕ ਦੇ ਬੀਜਾਂ ਨੂੰ ਪੰਜਾਬ ਵਿਚ ਲਗਾਇਆ ਗਿਆ। ਸਹੀ ਕੀਮਤ ਦੇਣ ਲਈ 1965 ਨੂੰ ਖੇਤੀਬਾੜੀ ਕੀਮਤ ਕਮਿਸ਼ਨ ਹੋਂਦ ਵਿਚ ਆਇਆ।[42] ਹਰੀ ਕ੍ਰਾਂਤੀ ਦੀ ਸ਼ੁਰੂਆਤ ਹੋ ਗਈ। ਕਣਕ ਫ਼ਸਲ ਹੇਠ 1965-66 ਨੂੰ ਰਕਬਾ 15 ਲੱਖ ਹੈਕਟੇਅਰ ਸੀ, ਜੋ 1971-73 ਨੂੰ ਵਧਕੇ 23 ਲੱਖ ਹੈਕਟੇਅਰ ਹੋ ਗਿਆ। ਪੰਜਾਬ ਨੇ 1976-77 ਨੂੰ ਕੇਂਦਰੀ ਪੂਲ ਵਿਚ 29 ਲੱਖ ਟਨ ਕਣਕ ਅਤੇ 12 ਲੱਖ ਟਨ ਝੋਨਾ ਪਾਇਆ।[43] ਪੂਰਬੀ ਪੰਜਾਬ ਵਿਚ 1956-57 ਨੂੰ ਸਿਰਫ 5052 ਟਿਊਬਵੈੱਲ ਸਨ ਅਤੇ 2,30,933 ਖੂਹ ਸਨ। ਟਿਊਬਵੈੱਲਾਂ ਦੀ ਗਿਣਤੀ 1975-76 ਵਿਚ ਤਕਰੀਬਨ 4.50 ਲੱਖ ਹੋ ਗਈ। ਇਸ

ਤੋਂ ਇਲਾਵਾ 1965-66 ਦੌਰਾਨ 64 ਫੀਸਦੀ ਰਕਬਾ ਸਿੰਜਾਈ ਹੇਠ ਆ ਗਿਆ। ਇਸ ਤਰ੍ਹਾਂ 1960ਵਿਆਂ ਦੇ ਅੰਤ ਵਿਚ ਹਰੀ ਕ੍ਰਾਂਤੀ ਸਪੱਸ਼ਟ ਹੋ ਗਈ ਅਤੇ ਭਾਰਤ ਦੀ ਅਮਰੀਕਾ ਦੇ ਅਨਾਜ 'ਤੇ ਨਿਰਭਰਤਾ ਦਾ ਅੰਤ ਹੋ ਗਿਆ। ਪੰਜਾਬ ਭਾਰਤ ਲਈ ਅਨਾਜ ਭੰਡਾਰ ਬਣ ਗਿਆ।[44] ਬਟਵਾਰੇ ਕਾਰਨ ਹਿੰਦ-ਪਾਕਿ ਸਰਹੱਦ ਦੀ ਨਵੀਂ ਸਥਿਤੀ ਸਾਹਮਣੇ ਆਈ। ਪਾਣੀਆਂ ਦੀ ਵੰਡ ਨੇ ਇਸ ਨੂੰ ਹੋਰ ਵਾਦ-ਵਿਵਾਦ ਦਾ ਮੁੱਦਾ ਬਣਾਇਆ। ਮਾਝੇ ਦਾ ਖੁਸ਼ਹਾਲ ਸਰਹੱਦੀ ਖਿੱਤਾ ਆਰਥਿਕ ਤੌਰ 'ਤੇ ਪਿਛੜਨਾ ਸ਼ੁਰੂ ਹੋ ਗਿਆ।[45]

ਪੰਜਾਬ ਦੇ ਬਟਵਾਰੇ (1947) ਵੇਲੇ ਦਰਿਆਵਾਂ, ਨਹਿਰੀ ਪ੍ਰਬੰਧ ਅਤੇ ਸਭਿਆਚਾਰ ਨੂੰ ਅੱਖੋਂ ਉਹਲੇ ਕੀਤਾ ਗਿਆ। ਇਸ ਨਾਲ ਇਤਿਹਾਸ,ਵਿਰਸਾ ਅਤੇ ਆਰਥਿਕ ਢਾਂਚਾ ਲੀਰੋ-ਲੀਰ ਹੋ ਗਿਆ, ਜਿਸ ਕਰਕੇ ਵਕਤੀ ਤੌਰ 'ਤੇ ਸਮਾਜਕ ਅਤੇ ਆਰਥਿਕ ਸੰਕਟ ਉਭਰ ਕੇ ਸਾਹਮਣੇ ਆਏ। ਪੰਜਾਬ ਖੇਤੀ ਪ੍ਰਧਾਨ ਸੂਬਾ ਹੋਣ ਕਰਕੇ ਇਸਦਾ ਗਹਿਰਾ ਅਸਰ ਕਿਸਾਨੀ ’ਤੇ ਪਿਆ। ਪੂਰਬੀ ਪੰਜਾਬ ਪਾਣੀ ਅਤੇ ਵਾਹੀ ਯੋਗ ਜ਼ਮੀਨ ਵਜੋਂ ਪਛੜਿਆ ਹਿੱਸਾ ਸੀ। ਕਿਸਾਨਾਂ ਨੂੰ ਜ਼ਮੀਨ ਵੀ ਘੱਟ ਮਿਲੀ ਅਤੇ ਉਹਵੀ ਖਿਲਰਵੇਂ ਥਾਵਾਂ ’ਤੇ ਹੋਣ ਕਰਕੇ ਸਭਿਆਚਾਰਕ ਸਾਂਝ ਨੂੰ ਸੱਟ ਵੱਜੀ। ਪੂਰਬੀ ਪੰਜਾਬ ਵਿਚ ਖੇਤੀ ਸੁਧਾਰ ਲਾਗੂ ਕੀਤੇ ਗਏ। ਕਿਸਾਨਾਂ ਨੇ ਆਪ ਖੇਤੀ ਕਰਨ ਲਈ ਉਤਸ਼ਾਹ ਦਿਖਾਇਆ। ਪੰਜਾਬ ਦੇ ਹਿੰਮਤੀ ਕਿਸਾਨਾਂ ਨੇ ਮਿਹਨਤ ਨਾਲ ਇਨ੍ਹਾਂ ਘਾਟਾਂ ਦੀ ਭਰਪਾਈ ਕੀਤੀ ਅਤੇ ਪੰਜਾਬ ਨੂੰ 1970ਵੇਂ ਅੰਤ ਵਿਚ ਹਰੀ ਕ੍ਰਾਂਤੀ ਦੇ ਰਾਹਾਂ ’ਤੇ ਪਾਇਆ। ਪੰਜਾਬ ਵੰਡ ਦੇ ਸੰਤਾਪ ਨੂੰ ਪਿੱਛੇ ਛੱਡ ਭਾਰਤ ਦਾ ਨਮੂਨਾ ਪ੍ਰਾਂਤ ਬਣ ਗਿਆ। ਸਰਹੱਦੀ ਤਨਾਓ ਪੰਜਾਬ ਦੇ ਹਰ ਪੱਖ ਨੂੰ ਪ੍ਰਭਾਵਿਤ ਕਰ ਰਿਹਾ ਹੈ। ਸਾਂਝੇ ਪੰਜਾਬ ਦੀ ਵਿਰਾਸਤ ਨੂੰ ਕੇਂਦਰ ਬਿੰਦੂ 'ਚ ਰੱਖਣ ਦੀ ਕੋਸ਼ਿਸ਼ ਹੋ ਰਹੀ ਹੈ।

**ਹਵਾਲੇ**


1. Yasim Khan,"Why Pakistan and India remain in denial 70 years from Partition", The Guardian, London (International edition), August 6, 2017. Govt. of India, Millions on the Move, Ministry of Information and Broadcasting, Delhi, 1948.
2. Walter Reid, Keeping the Jewel in the Crown: The Betrayal of India, Penguin, Gurgaon, 2016, pp. 246-51.
3. Alex von Tunzelmann, Indian Summer: The Secret History of the End of an Empire, Pocket Books, London, 2007, p. 232.
4. Maulana Abul Kalam Azad, India Wins Freedom, Orient Longman, New Delhi, 1988, p. 228.
5. V. N. Datta, “Interpreting Partition", The Tribune, Chandigarh, Sept. 28, 1997; J. S. Grewal, The Sikhs of the Punjab, Cambridge University Press, Cambridge, 1990, p. 181. ਇਸਤਿਆਕ ਅਹਿਮਦ ਮੁਤਾਬਕ 5 ਲੱਖ ਤੋਂ 8 ਲੱਖ ਲੋਕ ਮਾਰੇ ਗਏ The Punjab Bloodied, Partitioned and Cleansed, Rupa, New Delhi, 2011, pp. xvii, 674-677.
6. Sukhdev Singh Sohal, “The Punjab Partition Massacre of 1947: An Exploratory Exercise", Partition of India: Rethinking (Ed. Amarjit Singh), Knishka Publishers, New Delhi, 2017, p. 153. Swarna Aiyer, “August Anarchy: The Partition Massacres in Punjab", South Asia, Vol. 18, 1995, p. 28. Anders Bjoru Hansen, Partition and Genocide Manifestations of Violence in Punjab 1937-1947, India Research Press, New Delhi, 2002, pp. 155-181.
7. Memorendum by Jenkins, August 4, 1947: Punjab Politics: 1 June - 14 August 1947 Tragedy: Governor's Fortnightly Reports and Other Key Documents (Ed. Lionel Carter), Manohar, New Delhi, 2007, p. 198. Lal Khan, Partition: Can it be Undone?, Wellred Publications, Lahore, 2003, pp. 74, 78.
8. Sukhdev Singh Sohal, “A Nightmare of Two Cities: Amritsar and Lahore in 1947",

Precolonial and Colonial Punjab: Society, Economy, Politics and Culture: Essays for Indu Banga (Eds. Reeta Grewal and Sheena Paul), Manohar, New Delhi, 2005, pp. 409-429; M. J. Akbar, India: The Siege Within, Peguin, Harmonsworth, 1985, p. 150.

9. ਕੁਲਵੰਤ ਸਿੰਘ, 1947 ਦਾ ਬਟਵਾਰਾ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2023, ਪੰਨੇ 17, 23, 75. Andrew J. Major, "The Chief Sufferers: Abduction of Women during the Partition of Punjab", D. A. Low and Howard Brasted (Eds.) Freedom, Trauma, Continuities: North India and Independence, Sage, New Delhi, 1998, pp. 57-72.

10. Stanley Wolpert, Shameful Flight: The Last Years of the British Empire, OUP, New Delhi, 2006, p. 177.

11. Raghvendra Tanwar, Reporting the Partition of Punjab: Press, Public and Other Opinions, Manohar, New Delhi, 2006, p. 457.

12. Sukhdev Singh Sohal, "The Punjab Partition Massacre of 1947: An Exploratory Exercise", Partition of India: Rethinking (Ed. Amarjit Singh), p. 158.

13. Kirpal Singh, The Partition of the Punjab, pp. 186-187.

14. M.S. Randhawa, Green Revolution: A Case Study of Punjab, Vikas, Delhi, 1974, p. 93. Gopal Krishan and Surya Kant, "Administrative Space", Punjab in Prosperity and Violence: Administration, Politics and Social Change (1947-1997), (Eds. J. S. Grewal and Indu Banga), Institute of Punjab Studies, Chandigarh, 1998, p. 4.

15. ਪੱਛਮੀ ਪੰਜਾਬ (ਪਾਕਿਸਤਾਨ) ਕੋਲ 1 ਕਰੋੜ 58 ਲੱਖ ਅਬਾਦੀ ਅਤੇ 61,980 ਵਰਗ ਮੀਲ ਰਕਬਾ ਰਹਿ ਗਿਆ।ਪਾਕਿਸਤਾਨੀ ਪੰਜਾਬ ਕੋਲ ਪਾਕਿਸਤਾਨ ਦੇ ਕੁਲ ਰਕਬੇ ਦਾ 26 ਫੀਸਦੀ ਹਿੱਸਾ ਸੀ ਜਿਸ ਕਰਕੇ ਪਛਮੀ ਪੰਜਾਬ ਸਭ ਤੋਂ ਮਹੱਤਵਪੂਰਣ ਪ੍ਰਾਂਤ ਬਣ ਗਿਆ: Kirpal Singh, The Partition of the Punjab, Punjabi University, Patiala, 1971, p. 188. Ayesha Jalal, Democracy and Authoritarianism in South Asia: A Comparative and Historical Perspective, CUP, Cambridge, 1995, p.5. Holly Sims, Political Regimes, Public Policy and Economic Development: Agricultural Performance and Rural Change in two Punjabs, Sage, New Delhi, 1988, p. 13.

16. ਲਾਹੌਰ ਦੀ ਅਬਾਦੀ 1941 ਵਿਚ 6,71,000 ਵਿਅਕਤੀ ਸੀ ਜੋ 1951 ਵਿਚ 12,00,000 ਹੋ ਗਈ। ਇਹ 1991 ਵਿਚ 70 ਲੱਖ ਤਕ ਪਹੁੰਚ ਗਈ। Sukhdev Singh Sohal, "A Long Shadow of the Partition (1947): The Greater Punjab Region", Partition of Punjab: Essays in Honour of Shaheed Sardar Nanak Singh, Punjabi University, Patiala, 2019, p. 50. Census of India 1941, Vol. I, Part I, pp. 76-83. Census of Indian 1951, Vol. III, Part I-A, pp. 210-28.

17. Kirpal Singh, *The Partition of the Punjab,* pp. 181-182.

18. Holly Sims, Political Regimes, Public Policy and Economic Development: Agricultural Performance and Rural Change in tow Punjabs, pp. 35-36.

19. Holly Sims, Political Regimes, Public Policy and Economic Development: Agricultural Performance and Rural Change in two Punjabs, p. 13. G. Kaushal, Economic History of India (1757-1966), Kalyani Publishers, New Delhi, 1977, p. 174. Satya M. Rai, Partition of the Punjab, Asia Publishing House, New Delhi, 1965, p. 167.

20. R. M. Ghoshm, Agriculture to Economic development with Special reference to Punjab, Vikas, New Delhi, 1977, p. 37. Navid Hamid, Process of Agricultural Development: A Case Study of the Punjab, Unpublished Ph.D. Thesis, Stanford University, Standford, 1980, pp. 214-16.
21. M. S. Randhawa, Green Revolution: A Case Study of Punjab, p. 31. Kirpal Singh, Partition of the Punjab, p. 151.
22. Khem Singh Gill, A Growing Agricultural Economy: Technological Changes, Constraints and Sustainability, OUP, New Delhi, 1993, pp. 13, 45.
23. Swadesh R. Rose, "The Pakistan economy since Independence, 1947-70", The Cambridge Economic History of India (1757-1970), (Eds. Dharma Kumar and Meghnad Desai), Orient Longment, Hydrabad, 1984, pp. 995-96.
24. Ian Talbot and Gurhapal Singh, The Partition of India, CUP, Delhi, 2009, p. 112. See also, M. S. Randhawa, Out of the Ashes: An Account of the Rehabilitation of Refugees from West Pakistan in Rural Areas of East Punjab, Public Relations Department, Punjab, 1954, pp. 162-167.
25. Kirpal Singh, The Partition of the Punjab, pp. 182-183; Gurpreet Maini, The Giant Awaken:, Punjab, Industry and Growth, India Research Press, New Delhi, 2004, pp. 128-129.
26. ਜਿਹੜੀ ਜ਼ਮੀਨ ਪ੍ਰਤੀ ਏਕੜ 10 ਤੋਂ 11 ਮਣ ਕਣਕ ਪੈਦਾ ਕਰਦੀ ਸੀ ਉਸ ਨੂੰ 16 ਆਨਾ ਦਰਜਾ ਦਿੱਤਾਸੰਜਾਈ ਅਧੀਨ ਜ਼ਮੀਨ 16 ਆਨੇ ਸੀ ਅਤੇ ਬਰਾਨੀ ਜ਼ਮੀਨ 4 ਪੈਸੇ: Tarlok Singh, Manual of Settlement, Govt. of Punjab, Chandigarh, 1952, p. 14.
27. Tarlok Singh, "Rural Resettlement in Punjab: The Background, A Transfer in Population", The Statesman, New Delhi, July 6, 1959. See also, B. R. Nanda, Witness to Partition: A Memoir, Rupa, New Delhi, 2006, pp. 138-139.
28. Kirpal Singh, The Partition of the Punjab, pp. 183-184; G. K. Chadha, The State and Rural Transformation: The Case of Punjab (1950-85), Sage, New Delhi, 1986, p. 27.
29. Khushwant Singh, A History of the Sikhs (1839-1991), Vol. II, OUP, New Delhi, 2001, pp. 285-286.
30. Kirpal Singh, The Partition of the Punjab, pp. 185-186.
31. Sukhdev Singh Sohal, "Food Crisis, Inflation and Political Control in Punjab (1940-47)", Journal of Punjab Studies, Vol. 20, Nos. 1-2, 2013, p. 247.
32. Report of the Grow More Food Enquiry Committee, Ministry of Food and Agriculture, Govt. of India, New Delhi, 1952, pp. 5-9. See also, Techno-Economic Survey of Punjab, National Council of Applied Economic Research, New Delhi, 1962, p. 9.
33. Report of the National Commission on Agriculture, Ministry of Agriculture, Part I, Govt. of India, Delhi, 1976, pp. 145-46, 187-88.
34. Bipan Chandra Mridula Mukherjee and Aditya Mukherjee, India after Independence, (1947-2000), Penguin, New Delhi, 1999, pp. 412-13; Report of the National Commission on Agriculture, 1976, p. 189. George Rosen, Western Economists and Eastern Societies, John Hopkins University Press, Baltimore, 1985, pp. 80-81, 186.


ISSN : 2395-1273

35. Pushpinder Kumari, Peasantry and Politics after the Green Revolution in Punjab, Unpublished Ph.D. Thesis, Guru Nanak Dev University, Amritsar, 2012, p. 45; Holly Sims, Political Regimes, Public Policy and Economic Development: Agricultural Performance and Rural Change in two Punjabs, p. 36. Review of Process of Second Five Year Plan, Planning Department, Govt. of Punjab, Chandigarh, 1961, p. 9.
36. G. K. Chadha, The State and Rural Transformation: The Case of Punjab (1950-85), pp. 65-66; Techno-Econnomic Survey of Punjab, 1962, p. 16.
37. Bipan Chandra et al, India after Independence, pp. 385-87, A.S. Kahlon, Modernization of Punjab Agriculture, Allied Publishers, New Delhi, 1984, p. 7. Sucha Singh Gill, “Changing Land Relations of Punjab and implications for land reforms", Dynamics of Agricultural Development: Land Reform, Growth and Equity (Eds. K.S. Dhindsa and Anju Sharma), Concept Publishing Company, New Delhi, 2001, p. 110.
38. M. S. Randhawa, Green Revolution: A Case Study of Punjab, pp. 46-47.
39. G. S. Bhalla, “Political Economy since Independence", Five Punjabi Centuries: Polity, Economy, Society and Culture, C. 1500-1990: Essays for J. S. Grewal (Ed. Indu Banga), Manohar, New Delhi, 1997, p. 377.
40. Satya M. Rai, Partition of the Punjab, p. 169; Ramachandra Guha, India after Gandhi: The History of the World's largest Democracy, Picador, London, 2011, pp. 214-15. J. S. Grewal, The Sikhs of the Punjab, CUP, Cambridge, 1991, p. 182. Holly Sims, Political Regimes, Public Policy and Economic Development: Agricultural Performance and Rural Change in two Punjabs, p. 64.
41. ਪੀ.ਏ.ਯੂ. ਦਾ ਨੀਂਹ ਪੱਥਰ ਜਵਾਹਰ ਲਾਲ ਨਹਿਰੂ ਨੇ 8 ਜੁਲਾਈ 1963 ਨੂੰ ਰਖਿਆਇਸ ਦੇ ਪਹਿਲੇ ਵੀ. ਸੀ. ਪੀ. ਐਨ. ਥਾਪਰ ਸਨਖ਼ Annual Report on Operations of Deptt. of Agriculture, June 1964, Punjab Press, Chandigarh, 1966, p. 2. D. Sundersen, Punjab Agricultural University, PAU Press, Ludhiana, 1969, pp. 34-35. M. S. Randhawa, History of the Indian Council of Agricultural Research (1929-1979), ICAR, New Delhi, 1979, pp. 231-32.
42. Bipan Chandra et al, India after Independence, pp. 412-13. M. S. Randhawa, A History of the Indian Council of Agricultural Research (1929-1979), p. 281. Mahesh V. Joshi, Green Revolution and Its Impact, APH Publishers & Co., New Delhi, 1988, pp. 23-24.
43. Statistical Abstract, Chandigarh, 1991, pp. 38-39. R. S. Johar and P. S. Raikhey, “Agricultural Productivity in Punjab: An analysis in Inter-district Variations", Studies in Punjab Economy (Eds. R. S. Johar and J.S. Khanna), Guru Nanak Dev University, Amritsar, 1983, pp. 1-2.
44. Techno Economic Survery of Punjab, 1962, p. 11. Statistical Abstract, Govt. of Punjab, Chandigarh, 1990, pp. 204-06. M. S. Randhawa, Sustainable Agriculture towards and Evergreen Revolution, Konark Publishers, Delhi, 1966, pp. 110-111. Surinder S. Jodhika, Beyond “Crisis": Rethinking Contemporary Punjab Agriculture, Working Paper, 4 May, 2005, p. 6.
45. Kirpal Singh, The Partition of the Punjab, pp. 190-196.

◈